# ਜਾਪਾਨ ਦਾ ਅਸਲੀ ਰੂਪ

جاپان دا اصلی روپ
G 952
15

ਲੇਖਕ : ਜੈਕ ਚੈੱਨ
ਅਨੁਵਾਦਿਕ : ਪਿਆਰਾ ਸਿੰਘ 'ਸਹਿਰਾਈ'

ਪ੍ਰੋਗਰੈਸਿਵ ਪਬਲਿਸ਼ਰਜ਼ ਲਾਹੌਰ

ਪਹਿਲੀ ਵਾਰ ਜੂਨ ੧੯੪੪ ਮੁਲ ਪੌਣੇ ਦੋ ਰੁਪਏ

9
952
915.2
ਰੌ ੫੮ ਜਾ
29991

# ਪਰਵੇਸ਼

ਅਜ ਜਾਪਾਨੀ ਫੌਜਾਂ ਸਾਡੀ ਧਰਤੀ ਤੇ ਲੜ ਰਹੀਆਂ ਹਨ। ਕਲਕਤੇ ਤੇ ਕਈ ਵਾਰ ਬੰਬ ਵਰ੍ਹ ਚੁਕੇ ਹਨ, ਜਿਥੇ ਬੰਗਾਲੀ ਲੋਕ ਪਹਿਲਾਂ ਹੀ ਕਾਲ ਤੇ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਜਾਪਾਨੀ ਰੇਡੀਓ ਪਿਆ ਚੀਕਦਾ ਹੈ ਕਿ "ਅਸੀ ਹਿੰਦੁਸਤਾਨ ਨੂੰ ਆਜ਼ਾਦ ਕਰਨ ਆ ਰਹੇ ਹਾਂ।" ਸੁਭਾਸ਼ ਚੰਦਰ ਬੋਸ ਉਹਨਾਂ ਨਾਲ ਜਾ ਮਿਲਿਆ ਹੈ ਤੇ ਹਿੰਦੁਸਤਾਨੀਆਂ ਨੂੰ ਜਾਪਾਨ ਦੀ ਗ਼ੁਲਾਮੀ ਵਿਚ ਦੇਣ ਲਈ ਗ਼ੱਦਾਰੀ ਦਾ ਜਾਲ ਵਿਛਾ ਰਿਹਾ ਹੈ।

ਜਾਪਾਨ ਦਾ ਦੁਨੀਆ ਨੂੰ ਆਜ਼ਾਦ ਕਰਨ ਦਾ ਦਾਅਵਾ ਨਵਾਂ ਨਹੀਂ। ਏਸ਼ੀਆ ਨੂੰ ਆਜ਼ਾਦ ਕਰਾਣ ਲਈ ਜਾਪਾਨ ਚੀਨ ਦੇ ਅਮਨ ਪਸੰਦ ਲੋਕਾਂ ਨਾਲ ਸਤਾਂ ਸਾਲਾਂ ਤੋਂ ਲੜ ਰਿਹਾ ਹੈ। ਇਸ ਤੋਂ ਪਹਿਲਾਂ ਮਨੁਖੀ ਇਤਿਹਾਸ ਵਿਚ ਏਨੀ ਭਿਆਨਕ ਜੰਗ ਕਦੇ ਵੀ ਲੜੀ ਨਹੀਂ ਗਈ। ਇਹਨਾਂ ਅਤਿਆਚਾਰਾਂ ਦੀ ਦੂਜੀ ਮਿਸਾਲ ਸਿਰਫ਼ ਜਰਮਨਾਂ ਨੇ ਯੂਰਪ ਤੇ ਰੂਸ ਵਿਚ ਪੇਸ਼ ਕੀਤੀ ਹੈ। ਮਸ਼ਹੂਰ ਚੀਨੀ ਫ਼ਿਲਾਸਫਰ ਲਿਨ ਯੂਤਾਂਗ ਜਾਪਾਨੀ ਅਤਿਆਚਾਰਾਂ ਨੂੰ ਬਿਆਨ ਕਰਦਿਆਂ ਲਿਖਦਾ ਹੈ:—

"ਜਦ ਤੋਂ ਰਬ ਨੇ ਇਹ ਦੁਨੀਆ ਬਣਾਈ ਹੈ, ਕਦੇ ਮਨੁਖੀ ਅਖਾਂ ਨੇ ਇਹ ਭਿਆਲਕ ਦ੍ਰਿਸ਼ ਨਹੀਂ ਵੇਖਿਆ ਕਿ ਸਿਪਾਹੀ ਹਸਦੇ ਹੋਏ ਬਚਿਆਂ ਨੂੰ ਉਛਾਲ ਕੇ ਇਹਨਾਂ ਦੇ ਨਨ੍ਹੇ ਨਨ੍ਹੇ ਜਿਸਮਾਂ ਨੂੰ ਬੜੀ ਹੁਸ਼ਿਆਰੀ ਤੇ ਬੇਦਰਦੀ ਨਾਲ ਆਪਣੀਆਂ ਸੰਗੀਨਾਂ ਦੀ ਨੋਕ ਤੇ ਰੋਕ ਲੈਣ ਤੇ ਇਹਨੂੰ ਇਕ ਖੇਡ ਸਮਝਣ। ਕੈਦੀਆਂ ਦੀਆਂ ਅਖਾਂ ਤੇ ਪਟੀਆਂ ਬੰਨ੍ਹ ਕੇ ਉਹਨਾਂ ਨੂੰ ਸੰਗੀਨਾਂ ਦੀ ਮਸ਼ਕ ਲਈ ਵਰਤਣ। ਖੁਲ੍ਹੇ ਬਜ਼ਾਰਾਂ ਵਿਚ 'ਸਭਯ' ਜਾਪਾਨੀ ਸੂਰਮੇ ਬਦਮਾਸ਼ੀ ਕਰਨ.........ਕੀ ਇਸ ਪਸ਼ੂ-ਪੁਣੇ ਲਈ ਕੋਈ ਦਲੀਲ ਹੈ?"

ਏਸ਼ੀਆ ਦੀ ਆਜ਼ਾਦੀ ਤੋਂ ਜਾਪਾਨ ਦਾ ਮਨੋਰਥ ਕੀ ਹੈ, ਇਹ ਜਾਪਾਨ



ਰਹਿ ਚੁਕੇ ਪਰਧਾਨ ਮੰਤਰੀ ਤਨਾਕਾ ਨੇ ਆਪ ਖੋਹਲ ਕੇ ਦਸਿਆ ਹੈ (ਵੇਖੋ ਸਫ਼ਾ ੧੩)

੧੯੩੧ ਤੋਂ ੧੯੩੬ ਤੀਕ ਜਾਪਾਨ ਨੇ ਮਨਚੂਰੀਆ, ਉਤਰੀ ਚੀਨ ਤੇ ਮੰਗੋਲੀਆ ਦੇ ਕੁਝ ਹਿਸੇ ਤੇ ਕਬਜ਼ਾ ਕੀਤਾ, ਤੇ ਜਾਪਾਨ ਦੇ ਫੌਜੀ ਹਾਕਮਾਂ ਨੇ 'ਨੀਹਾਨ' ਅਖ਼ਬਾਰ ਵਿਚ ਐਲਾਨ ਕੀਤਾ ਕਿ "ਆਉਣ ਵਾਲੀ ਲੜਾਈ ਦੁਨੀਆ ਤੇ ਕਬਜ਼ਾ ਕਰਨ ਦਾ ਘੋਲ ਹੋਵੇਗੀ।" ਇਸੇ ਲਈ ਜਾਪਾਨ ਚੀਨ ਨਾਲ ਲੜਦਾ ਰਿਹਾ। ਉਥੋਂ ਦੀ ਪੂਰੀ ਕੌਮ ਆਪਣੇ ਦੁਸ਼ਮਣ ਦੇ ਵਿਰੁਧ ਲੋਹੇ ਦੀ ਇਕ ਕੰਧ ਬਣ ਕੇ ਖੜੀ ਹੋ ਗਈ, ਤੇ ਜਾਪਾਨ ਦੇ ਏਸ਼ੀਆ ਤੇ ਦੁਨੀਆ ਤੇ ਕਬਜ਼ਾ ਕਰਨ ਦੇ ਇਰਾਦੇ ਮਿੱਟੀ ਵਿਚ ਮਿਲ ਗਏ।

ਜਾਪਾਨ, ਏਸ਼ੀਆ ਤੇ ਦੁਨੀਆ ਤੇ ਕਬਜ਼ਾ ਕਿਉਂ ਕਰਨਾ ਚਾਹੁੰਦਾ ਹੈ? ਇਸ ਦਾ ਜਵਾਬ ਇਸ ਕਤਾਬ ਤੋਂ ਪਤਾ ਲਗੇਗਾ। ਇਹ ਕਿਤਾਬ ਤੁਹਾਨੂੰ ਇਹ ਵੀ ਦਸੇਗੀ ਕਿ ਜਾਪਾਨ ਦੀ ਅੰਦਰੂਨੀ ਹਾਲਤ ਕੀ ਹੈ। ਇਹ ਜੰਗ ਜਾਪਾਨੀ ਜਨਤਾ ਦੀ ਇੱਛਾ ਨਾਲ ਨਹੀਂ ਲੜੀ ਜਾ ਰਹੀ, ਸਗੋਂ ਮੁਠੀ ਭਰ ਸਰਮਾਇਆਦਾਰ, ਜਿਹੜੇ ਫੌਜਾਂ ਤੇ ਹਥਿਆਰਾਂ ਦੇ ਜ਼ੋਰ ਆਪਣੇ ਮੁਲਕ ਦੀ ਜਨਤਾ ਨੂੰ ਕੁਚਲ ਰਹੇ ਹਨ, ਉਹੋ ਇਸ ਜੰਗ ਲਈ ਜ਼ੁਮੇਵਾਰ ਹਨ, ਉਹੋ ਏਸ਼ੀਆ ਦੀਆਂ ਅਮਨ-ਪਸੰਦ ਕੌਮਾਂ ਦੇ ਖ਼ਿਲਾਫ਼ ਉਹ ਇਨਸਾਨੀਅਤ ਸੋਜ਼ ਹਰਕਤਾਂ ਕਰ ਰਹੇ ਹਨ, ਜਿਨ੍ਹਾਂ ਤੇ ਚੀਨ ਦੀ ਇਤਿਹਾਸਕ ਸੁੰਦਰ ਧਰਤੀ ਖ਼ੂਨ ਦੇ ਹੰਝੂ ਡੋਲ੍ਹ ਰਹੀ ਹੈ। ਜਾਪਾਨ ਦੇ ਮਜ਼ਦੂਰ ਤੇ ਕਿਸਾਨ ਆਪਣੇ ਇਨ੍ਹਾਂ ਹਾਕਮਾਂ ਤੋਂ ਉਕਤਾਏ ਹੋਏ ਹਨ, ਜਿਹੜੇ ਇਹਨਾਂ ਦੇ ਖ਼ੂਨ ਦਾ ਆਖ਼ਰੀ ਤੁਪਕਾ ਵੀ ਚੂਸ ਲੈਣਾ ਚਾਹੁੰਦੇ ਹਨ। ਜਾਪਾਨੀ ਮਾਲ ਦੇ ਸਸਤੇ ਹੋਣ ਦਾ ਰਾਜ਼ ਇਹੋ ਹੈ, ਕਿ ਉਥੇ ਦੇ ਮਜ਼ਦੂਰਾਂ ਦੀ ਮਜ਼ਦੂਰੀ ਬਹੁਤ ਹੀ ਘਟ ਹੈ, ਉਥੋਂ ਦੇ ਮਜ਼ਦੂਰ ਤੇ ਕਿਸਾਨ ਬੜੇ ਬੇਚੈਨ ਹਨ। ਜਾਪਾਨ ਅੰਦਰ ੧੯੧੭ ਵਿਚ ਕਿਸਾਨਾਂ ਦੀਆਂ ੮੫ ਬਗਾਵਤਾਂ ਹੋਈਆਂ, ੧੯੨੦ ਵਿਚ ੪੦੮ ਤੇ ੧੯੩੨ ਵਿਚ ੨੦੦੦। ਇਹ ਸਭ

ਬੜੇ ਖ਼ੂਨ ਖ਼ਰਾਬੇ ਪਿਛੋਂ ਕੁਚਲ ਦਿਤੀਆਂ ਗਈਆਂ। ਇਸੇ ਤਰ੍ਹਾਂ ੧੯੩੮ ਦੇ ਪਹਿਲੇ ਪੰਜ ਮਹੀਨਿਆਂ ਵਿਚ ਮਜ਼ਦੂਰਾਂ ਦੀਆਂ ੪੮੦ ਹੜਤਾਲਾਂ ਹੋਈਆਂ। ੧੯੨੨ ਵਿਚ ਜਾਪਾਨੀ ਕਮਿਊਨਿਸਟ ਪਾਰਟੀ ਕਇਮ ਹੋਈ, ਜਿਹੜੀ ਗੁਪਤ ਹੈ, ਤੇ ਜਾਪਾਨੀ ਫ਼ਾਸ਼ਿਸਟਾਂ ਦੇ ਵਿਰੁਧ ਸੰਸਾਰ-ਜਨਤਾ ਨਾਲ ਮਿਲ ਕੇ ਸੰਗਰਾਮ ਕਰ ਰਹੀ ਹੈ। ੫ ਅਗਸਤ ੧੯੪੩ ਨੂੰ ਜਾਪਾਨੀ ਕਮਿਊਨਿਸਟ ਲੀਡਰ ਕਾਮਰੇਡ ਓਕਾਨੋ ਨੇ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੇ ਨਾਂ ਇਕ ਦੋਸਤਾਨਾ ਸੁਨੇਹਾ ਘਲਿਆ। ਉਹਨਾਂ ਨੇ ਲਿਖਿਆ ਕਿ –

"ਇਸ ਵੇਲੇ ਹਿੰਦੁਸਤਾਨੀ ਜਨਤਾ ਨੂੰ ਜਾਪਾਨੀ ਫ਼ਾਸ਼ਿਸਟਾਂ ਦੇ ਹਮਲੇ ਦਾ ਖ਼ਤਰਾ ਹੈ। ਸਾਨੂੰ ਵਿਸ਼ਵਾਸ ਹੈ ਕਿ ਹਿੰਦੁਸਤਾਨ ਦੀ ਸ਼ਾਨਦਾਰ ਕੌਮ ਸਾਰੀਆਂ ਫ਼ਾਸ਼ਿਸਟ-ਵਿਰੋਧੀ ਕੌਮਾਂ ਦੇ ਨਾਲ ਮਿਲ ਕੇ ਇਸ ਲਹੂ ਪੀਣੇ ਦੁਸ਼ਮਣ ਦਾ ਮੁਕਾਬਲਾ ਕਰੇਗੀ।......ਜਦ ਤੋਂ ਜਾਪਾਨ ਨੇ ਮਨਚੂਰੀਆ ਤੇ ਹਮਲਾ ਕੀਤਾ ਹੈ, ਉਦੋਂ ਤੋਂ ਸਾਡੀ ਕਮਿਊਨਿਸਟ ਪਾਰਟੀ ਤੇ ਜਾਪਾਨੀ ਲੋਕ ਆਪਣੇ ਚੀਨੀ ਭਰਾਵਾਂ ਨਾਲ ਮਿਲ ਕੇ ਆਪਣੇ ਸਾਂਝੇ ਦੁਸ਼ਮਣ ਦੇ ਮੁਕਾਬਲੇ ਤੇ ਬੜੀ ਬਹਾਦਰੀ ਨਾਲ ਤੇ ਭਾਰੀ ਕੁਰਬਾਨੀਆਂ ਦੇ ਕੇ ਲੜ ਰਹੇ ਹਨ। ਹੁਣ ਅਸੀ ਹਿੰਦੁਸਤਾਨੀ ਕੌਮ ਤੇ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਵਲ ਆਪਣੀ ਦੋਸਤੀ ਦਾ ਹਥ ਵਧਾਂਦੇ ਹਾਂ ਤਾਕਿ ਅਸੀ ਪੂਰਬੀ ਕੌਮਾਂ ਦੇ ਸਾਂਝੇ ਦੁਸ਼ਮਣ (ਜਾਪਾਨੀ ਫਾਸਿਜ਼ਮ) ਦੇ ਖਿਲਾਫ ਕਾਮਯਾਬੀ ਨਾਲ ਲੜ ਸਕੀਏ।" (ਕੌਮੀ ਜੰਗ, ੨੨ ਅਗਸਤ, ੧੯੪੩)

ਇਹਦੇ ਪਿਛੋਂ ਸਾਨੂੰ ਹਿੰਦੁਸਤਾਨੀਆਂ ਨੂੰ ਇਹ ਸਮਝਣ ਵਿਚ ਜ਼ਰਾ ਵੀ ਔਖ ਨਹੀਂ ਹੋਵੇਗੀ ਕਿ ਉਹ ਜਾਪਾਨੀ ਦਰਿੰਦੇ, ਜਿਹੜੇ ਸਾਡੀ ਧਰਤੀ ਤੇ ਇਕ ਖ਼ੂਨੀ ਜੰਗ ਲੜ ਰਹੇ ਹਨ, ਸਾਡੇ ਦੋਸਤ ਨਹੀਂ, ਸਗੋਂ ਦੁਸ਼ਮਣ ਹਨ ਤੇ ਇਹਨਾਂ ਦੀ ਲਹੂ-ਤਿਹ ਤੋਂ ਆਪਣੇ ਮੁਲਕ ਦੀ ਰਖਿਆ ਕਰਨਾ ਸਾਡਾ ਸਭ ਦਾ ਪਵਿੱਤਰ ਫ਼ਰਜ਼ ਹੈ।

★



# ਪਹਿਲਾ ਭਾਗ

---

## ਸ਼ਾਂਤ ਸਾਗਰ ਦੀ ਤਸਵੀਰ

### ਜਾਪਾਨ ਦਾ ਮਨੋਰਥ

ਸਤ ਦਸੰਬਰ ੧੯੪੧ ਨੂੰ ਐਤਵਾਰ ਵਾਲੇ ਦਿਨ ਸਵੇਰ ਸਾਰ, ਜਦੋਂ ਜਾਪਾਨ ਦੇ ਖਾਸ ਏਲਚੀ ਵਾਸ਼ਿੰਘਟਨ ਵਿਚ ਅਮਰੀਕੀ ਵਜ਼ੀਰਾਂ ਨਾਲ ਸੁਲਾਹ ਦੀ ਗ਼ਲ ਬਾਤ ਕਰ ਰਹੇ ਸਨ, ਅਚਾਨਕ ਦੋ ਸੌ ਜਾਪਾਨੀ ਜਹਾਜ਼ ਆਪਣੇ ਅਡਿਆਂ ਤੋਂ ਉਡ ਕੇ ਅਲਕਾਹਲ ਸਾਗਰ ਦਾ ਤਿੰਨ ਹਜ਼ਾਰ ਮੀਲ ਲੰਮਾ ਫਾਸਲਾ ਤੈ ਕਰਦੇ ਹੋਏ 'ਹਵਾਈ' ਦੀ ਪਰਲ ਹਾਰਬਰ ਉਤੇ ਟੁਟ ਪਏ। ਏਸ ਅਜਿਤ ਹਵਾਈ ਅਡੇ ਉਤੇ ਅਮਰੀਕਾ ਦੀਆਂ ਖਾਸ ਸਮੁੰਦਰੀ ਫੌਜਾਂ ਦਾ ਅਜੇਹਾ ਪੜਾ ਹੋ ਰਿਹਾ ਸੀ, ਜਿਵੇਂ ਕੋਈ ਮੁਆਇਨਾ ਹੋਣ ਵਾਲਾ ਹੈ। ਸੈਂਕੜੇ ਹਵਾਈ ਜਹਾਜ਼ ਪਾਲਾਂ ਵਿਚ ਅਡੇ ਤੇ ਖਲੋਤੇ ਹੋਏ ਸਨ ਅਤੇ ਸਵੇਰ ਦਾ 'ਮੁਹਾਫ਼ਜ਼ ਦਸਤਾ' 'ਕੋਈ ਖਾਸ ਗਲ ਨਹੀਂ' ਦੀ ਇਤਲਾਹ ਦੇਣ ਲਈ ਉਡ ਚੁਕਿਆ ਸੀ।

ਏਸ ਸ਼ਾਂਤ ਦ੍ਰਿਸ਼ ਉਤੇ ਜਾਪਾਨ ਦੇ ਬੰਬ-ਮਾਰ ਜਹਾਜ਼ ਝਪਟ ਪਏ ਅਤੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.